pstcl
PUNJAB STATE TRANSMISSION CORPORATION LIMITED

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਰਜਿ: ਪੀਐਸਈਬੀ ਹੈਡ ਆਫਿਸ,ਦੀ ਮਾਲ, ਪਟਿਆਲਾ-147001
ਕਾਰਪੋਰੇਟ ਸ਼ਨਾਖਤੀ ਨੰਬਰ: U40109PB2010SGC033814
(ਦਫਤਰ ਵਿੱਤ ਸਲਾਹਕਾਰ, ਪੀਐਸਟੀਸੀਐਲ, ਪਟਿਆਲਾ)
ਤੀਜੀ ਮੰਜਿਲ, ਸ਼ਕਤੀ ਸਦਨ, ਸਾਹਮਣੇ ਸ੍ਰੀ ਕਾਲੀ ਦੇਵੀ ਮੰਦਿਰ, ਪਟਿਆਲਾ।
ਮੋ: 96461-19280,ਫੈਕਸ:-0175-2206523.

ਵੱਲ

1. ਮੁੱਖ ਇੰਜੀਨੀਅਰ/ਟੀ.ਐਸ, ਪੀਐਸਟੀਸੀਐਲ, ਪਟਿਆਲਾ।
2. ਮੁੱਖ ਇੰਜੀਨੀਅਰ/ਪੀ ਤੇ ਐਮ, ਪੀਐਸਟੀਸੀਐਲ, ਲੁਧਿਆਣਾ।
3. ਮੁੱਖ ਇੰਜੀਨੀਅਰ/ਐਸ.ਐਲ.ਡੀ.ਸੀ, ਪੀਐਸਟੀਸੀਐਲ, ਪਟਿਆਲਾ।
4. ਮੁੱਖ ਇੰਜੀਨੀਅਰ/ ਐਚ.ਆਰ ਅਤੇ ਆਈ.ਟੀ, ਪੀਐਸਟੀਸੀਐਲ, ਪਟਿਆਲਾ।
5. ਮੁੱਖ ਵਿੱਤੀ ਅਫਸਰ/ਪੀਐਸਟੀਸੀਐਲ, ਪਟਿਆਲਾ।

ਮੀਮੋ ਨੰ. ਮਿਤੀ:-

ਵਿਸ਼ਾ: **ਪੰਜਾਬ ਵੈਟ ਐਕਟ 2005 ਦੇ ਰੂਲ 38 ਅਤੇ 42 ਅਧੀਨ ਪੰਜਾਬ ਤੋਂ ਬਾਹਰੋਂ ਅਤੇ ਪੰਜਾਬ ਵਿੱਚ ਕੀਤੀ ਖਰੀਦ ਦੀ ਸਟੇਟਮੈਂਟ ਅਤੇ ਫਾਰਮ ਵੈਟ-19 ਅਤੇ ਵੈਟ-24 ਅਤੇ ਸੀ ਫਾਰਮ online ਜਾਰੀ ਕਰਵਾਉਣ ਸਬੰਧੀ।(3rd Quarter-FY-2015-16).**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦਾ ਧਿਆਨ ਇਸ ਦਫਤਰ ਦੇ ਪੱਤਰ ਨੰ.476/80 ਮਿਤੀ 26.03.2014 ਵੱਲ ਦਿਵਾਉਂਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਸਾਰੇ ਕੰਨਸਾਇਨੀਆ ਨੂੰ ਹਦਾਇਤ ਕੀਤੀ ਜਾਵੇ ਕਿ ਪੰਜਾਬ ਵੈਟ ਐਕਟ-2005 ਦੇ ਰੂਲ 38 ਅਤੇ 42 ਅਧੀਨ ਕੀਤੀ ਖਰੀਦ ਦੀ ਬਿਲ ਵਾਇਜ ਸੂਚਨਾ ਫਾਰਮ ਵੈਟ-19 ਅਤੇ ਵੈਟ-24 ਉਪਰ ਮਿਤੀ 08.01.2016 ਤੱਕ ਲੇਖਾ ਅਫ਼ਸਰ/ਸੀ.ਪੀ.ਸੀ. ਦੇ ਦਫਤਰ ਨੂੰ ਭੇਜਣੀ ਯਕੀਨੀ ਬਣਾਉਣ।Excise department ਵੱਲੋਂ ਜਾਰੀ ਤਾਜਾ ਹਦਾਇਤਾਂ ਮੁਤਾਬਿਕ ਪੰਜਾਬ ਦੇ ਬਾਹਰੋਂ ਕੀਤੀ ਗਈ ਖਰੀਦ ਵਿਰੁੱਧ ਸੀ ਫਾਰਮ online ਜਾਰੀ ਕਰਵਾਏ ਜਾਣਗੇ ਜੋ ਕਿ ਵੈਟ-19 ਵਿੱਚ ਦਰਜ ਵੇਰਵਿਆਂ ਉਪਰ ਆਧਾਰਿਤ ਹੋਣਗੇ। ਜੇਕਰ ਕੋਈ ਬਿਲ ਵੈਟ-19 ਵਿੱਚ ਦਰਜ ਨਹੀਂ ਕੀਤਾ ਜਾਂਦਾ ਜਾਂ ਗਲਤ value ਦਰਜ ਕੀਤੀ ਜਾਂਦੀ ਹੈ ਤਾਂ ਉਹ ਸੀ ਫਾਰਮ Excise ਵਿਭਾਗ ਵੱਲੋਂ ਜਾਂ ਤਾਂ ਜਾਰੀ ਨਹੀਂ ਕੀਤਾ ਜਾਵੇਗਾ ਜਾਂ ਵੈਟ-19 ਵਿੱਚ ਦਰਜ value ਦੇ ਆਧਾਰ ਤੇ ਹੀ ਜਾਰੀ ਕੀਤਾ ਜਾਵੇਗਾ।ਇਹ ਸੀ ਫਾਰਮ ਦੀ value (Ex-works Price+Excise Duty) ਤੇ ਅਧਾਰਿਤ ਹੋਵੇਗੀ।

ਸੋ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਸਾਰੇ ਕੰਨਸਾਇਨੀਆਂ ਨੂੰ ਤੁਰੰਤ ਹਦਾਇਤ ਕੀਤੀ ਜਾਵੇ ਕਿ ਉਹ ਮਿਤੀ 01.10.15 ਤੋਂ 31.12.15 ਤੱਕ ਹੋਈ ਖਰੀਦ ਦੇ ਮੁਕੰਮਲ ਵੇਰਵੇ ਫਾਰਮ ਵੈਟ-19 ਅਤੇ ਵੈਟ-24 ਵਿੱਚ ਭਰ ਕੇ ਮਿਤੀ 08.01.2016 ਤੱਕ ਇਸ ਦਫਤਰ ਨੂੰ ਭੇਜਣ।ਸਬੰਧਤ ਕੰਨਸਾਇਨੀ ਤੋਂ ਇਹ ਵੀ ਤਸਦੀਕ ਕਰਵਾਇਆ ਜਾਵੇ ਕਿ ਸਾਰੇ ਬਿਲ ਸੂਚਨਾ ਵਿੱਚ ਦਰਜ ਕਰ ਲਏ ਹਨ ਅਤੇ ਕੋਈ ਵੀ ਬਿਲ ਛੱਡਿਆ ਨਹੀਂ ਗਿਆ। ਜੇਕਰ ਇਸ ਸਬੰਧੀ Excise ਵਿਭਾਗ ਵੱਲੋਂ ਕੋਈ ਪੈਨੇਲਟੀ ਆਦਿ ਲਗਾਈ ਜਾਂਦੀ ਹੈ ਜਾਂ ਕਿਸੇ ਫਰਮ ਦਾ ਸੀ ਫਾਰਮ ਜਾਰੀ ਕਰਵਾਉਣ ਵਿੱਚ ਔਕੜ ਆਉਂਦੀ ਹੈ ਤਾਂ ਕੰਨਸਾਇਨੀ ਆਪ ਜਿੰਮੇਵਾਰ ਹੋਵੇਗਾ।

ਮਾਮਲਾ ਅਤਿ ਜਰੂਰੀ ਹੈ ਜੀ।

Sd
ਉਪ ਵਿੱਤ ਸਲਾਹਕਾਰ-1,
ਪੀਐਸਟੀਸੀਐਲ, ਪਟਿਆਲਾ।

ਪਿੱਠ ਅੰਕਣ ਨੰ. ਮਿਤੀ:-

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

1. ਉਪ ਸਕੱਤਰ ਟੂ ਡਾਇਰੈਕਟਰ/ਟੈਕਨੀਕਲ,ਪੀਐਸਟੀਸੀਐਲ, ਪਟਿਆਲਾ।
2. ਸੀਨੀਅਰ ਪੀ.ਐਸ ਟੂ ਡਾਇਰੈਕਟਰ/ ਐਫ ਅਤੇ ਸੀ ਪੀਐਸਟੀਸੀਐਲ, ਪਟਿਆਲਾ।

} ਡਾਇਰੈਕਟਰਜ ਦੀ ਜਾਣਕਾਰੀ ਹਿੱਤ ਹੈ ਜੀ

Sd
ਉਪ ਵਿੱਤ ਸਲਾਹਕਾਰ-1,
ਪੀਐਸਟੀਸੀਐਲ, ਪਟਿਆਲਾ।

ਪਿੱਠ ਅੰਕਣ ਨੰ. ਮਿਤੀ:-

ਉਪਰੋਕਤ ਦਾ ਉਤਾਰਾ ਹੇਠ ਲਿਖੇ ਦਫਤਰਾਂ ਨੂੰ ਲੋੜੀਂਦੀ ਸੂਚਨਾ ਹਿੱਤ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਫਾਰਮ ਵੈਟ-19 ਅਤੇ ਵੈਟ-24 ਉਪਰ ਮੰਗੀ ਗਈ ਸੂਚਨਾ ਇਸ ਦਫਤਰ ਨੂੰ ਮਿੱਥੀ ਮਿਤੀ ਤੱਕ ਭੇਜੀ ਜਾਵੇ ਜੀ। ਆਪ ਵੱਲੋਂ ਮਿੱਥੀ ਮਿਤੀ ਤੱਕ ਸੂਚਨਾ ਨਾ ਭੇਜਣ ਕਰਕੇ ਜਾਂ ਗਲਤ ਸੂਚਨਾ ਭੇਜਣ ਕਰਕੇ ਜੇਕਰ Excise ਵਿਭਾਗ ਵੱਲੋਂ ਕੋਈ ਪੈਨੇਲਟੀ ਆਦਿ ਲਗਾਈ ਜਾਂਦੀ ਹੈ ਜਾਂ ਕਿਸੇ ਫਰਮ ਦਾ ਸੀ ਫਾਰਮ ਜਾਰੀ ਕਰਵਾਉਣ ਵਿੱਚ ਔਕੜ ਆਉਂਦੀ ਹੈ ਤਾਂ ਇਸ ਸਬੰਧੀ ਆਪ ਦਾ ਦਫਤਰ ਜਿੰਮੇਵਾਰ ਹੋਵੇਗਾ।

1.ਸਮੂਹ ਉਪ ਮੁੱਖ ਇੰਜ:/ਅਧੀਨ ਪੀਐਸਟੀਸੀਐਲ,
2.ਸਮੂਹ ਵਧੀਕ ਨਿਗਰਾਨ ਇੰਜ:/ਅਧੀਨ ਪੀਐਸਟੀਸੀਐਲ,
3.ਸਮੂਹ ਲੇਖਾ ਅਫਸਰ/ਅਧੀਨ ਪੀਐਸਟੀਸੀਐਲ,
4. ਸੀਨੀਅਰ ਕਾਰਜਕਾਰੀ ਇੰਜ:/ਆਈ.ਟੀ, ਪੀਐਸਟੀਸੀਐਲ, ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਪੱਤਰ ਪੀਐਸਟੀਸੀਐਲ ਦੀ ਵੈਬ ਸਾਈਟ ਤੇ ਅਪ ਲੋਡ ਕੀਤਾ ਜਾਵੇ ਜੀ।

2678
31-12-15

ਉਪ ਵਿੱਤ ਸਲਾਹਕਾਰ-ਮ,
ਪੰ.ਰ.ਟ.ਕ.ਲਿ., ਪਟਿਆਲਾ।